FD-FPPCOMISC/460/2025-SFPPC/1132523

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪੈਨਸ਼ਨ ਪਾਲਿਸੀ ਤੇ ਤਾਲਮੇਲ ਸ਼ਾਖਾ)

ਸੇਵਾ ਵਿਖੇ,

ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/
ਪ੍ਰਮੁੱਖ ਸਕੱਤਰ ਅਤੇ ਸਕੱਤਰ, ਪੰਜਾਬ ਸਰਕਾਰ,
ਸਮੂਹ ਵਿੱਤੀ ਕਮਿਸ਼ਨਰ, ਪੰਜਾਬ ਰਾਜ,
ਸਮੂਹ ਵਿਭਾਗਾਂ ਦੇ ਮੁੱਖੀ,
ਸਮੂਹ ਡਵੀਜ਼ਨਾ ਦੇ ਕਮਿਸ਼ਨਰ,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ,
ਸਮੂਹ ਜਿਲ੍ਹਾ ਤੇ ਸੈਸ਼ਨ ਜੱਜ,
ਸਮੂਹ ਡਿਪਟੀ ਕਮਿਸ਼ਨਰ, ਪੰਜਾਬ ਰਾਜ,
ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ।

ਵਿਸ਼ਾ:- **Recovery of loan amount from the Salary, Pension, and Retrial Dues of defaulting Employees of Various Department of the Punjab Government.**

ਸ਼੍ਰੀਮਾਨ/ਸ਼੍ਰੀਮਤੀ ਜੀ,

ਵਿਸ਼ਾ ਅੰਕਿਤ ਮਾਮਲੇ ਸਬੰਧੀ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿੱਚ ਸਰਵਿੰਗ ਕਰਮਚਾਰੀਆਂ ਜਿਨ੍ਹਾਂ ਵੱਲੋਂ ਸਹਿਕਾਰਤਾ ਵਿਭਾਗ ਦੇ ਅਦਾਰੇ 'ਪੰਜਾਬ ਕੋਅਪਰੇਟਿਵ ਬੈਂਕ ਲਿ:' ਤੋਂ ਕਰਜਾ ਹਾਸਲ ਕੀਤਾ ਗਿਆ ਅਤੇ ਡਿਫਾਲਟਰ ਹੋ ਚੁੱਕੇ ਹਨ, ਤੋਂ ਬਕਾਇਆ ਰਹਿੰਦੇ ਕਰਜੇ ਦੀ ਰਿਕਵਰੀ ਕਰਨ ਸਬੰਧੀ ਹੇਠਾਂ ਦਰਸਾਏ ਅਨੁਸਾਰ Standard Operating Procedures (SOPs) ਜਾਰੀ ਕੀਤਾ ਜਾ ਰਿਹਾ ਹੈ:-

## Standard operating Procedures (SOPs)

(1) ਸਹਿਕਾਰਤਾ ਵਿਭਾਗ ਅਤੇ ਪੰਜਾਬ ਕੋਅਪਰੇਟਿਵ ਬੈਂਕ ਲਿ: ਵੱਲੋਂ ਕੀਤੀ ਜਾਣ ਵਾਲੀ ਕਾਰਵਾਈ:-

(i) ਸਹਿਕਾਰਿਤਾ ਵਿਭਾਗ/ ਉਕਤ ਬੈਂਕ ਕਰਜੇ ਦੇ ਡਿਫਾਲਟਰ ਕਰਮਚਾਰੀਆਂ ਦੀ ਸੂਚੀ **Annexure: A** ਅਨੁਸਾਰ ਡਾਇਰੈਕਟੋਰੇਟ ਖਜ਼ਾਨਾ ਤੇ ਲੇਖਾ ਨੂੰ ਭੇਜੇਗਾ।

(ii) ਸਹਿਕਾਰਿਤਾ ਵਿਭਾਗ/ ਉਕਤ ਬੈਂਕ ਅਦਾਰਾ ਆਪਣਾ ਸਟੇਟ ਲੈਵਲ ਬੈਂਕ ਖਾਤਾ (ਰਿਕਵਰੀ ਲਈ) iHRMS & I.F.M.S. ਵਿੱਚ ਮੈਪ ਕਰਵਾਉਣ ਹਿਤ ਮੁਹੱਈਆ ਕਰਵਾਏਗਾ ਤਾਂ ਜੋ ਸਬੰਧਤ ਡੀ.ਡੀ.ਓ. ਮਹੀਨਾਵਾਰ ਤਨਖਾਹ ਅਤੇ ਹੋਰ ਬਿਲਾਂ ਤੋਂ ਰਿਕਵਰੀ ਕਰਕੇ ECS

ਰਾਹੀਂ ਸਿੱਧੇ ਤੌਰ ਤੇ ਉਕਤ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾ ਸਕੇ।

(iii) ਸਹਿਕਾਰਿਤਾ ਵਿਭਾਗ/ ਉਕਤ ਬੈਂਕ ਅਦਾਰਾ ਸਟੇਟ ਪੱਧਰ ਅਤੇ ਅਤੇ ਜਿਲ੍ਹਾ ਪੱਧਰ ਤੇ ਨੋਡਲ ਨਾਮਜ਼ਦ ਕਰਕੇ ਉਨ੍ਹਾਂ ਦਾ ਨਾਮ, ਡੈਜੀਗਨੇਸ਼ਨ ਅਤੇ ਮੋਬਾਈਲ ਨੰਬਰ, ਦਫਤਰ ਆਦਿ ਮੁਹੱਈਆ ਕਰਵਾਇਆ ਕਰੇਗਾ ਤਾਂ ਜੋ ਡਾਇਰੈਕਟੋਰੇਟ ਖਜਾਨਾ ਤੇ ਲੇਖਾ, ਐਨ.ਆਈ.ਸੀ., ਸਬੰਧਤ ਡੀ.ਡੀ.ਓਜ. ਅਤੇ ਜਿਲ੍ਹਾ ਖਜਾਨਾ ਅਫਸਰ ਨਾਲ ਢੁਕਵਾਂ ਤਾਲਮੇਲ ਬਣਿਆ ਰਹੇ।

(iv) ਜੇਕਰ ਕਿਸੇ ਅਧਿਕਾਰੀ/ਕਰਮਚਾਰੀ ਵੱਲੋਂ ਯੱਕ-ਮੁਸ਼ਤ ਰਿਕਵਰੀ ਸਿੱਧੇ ਤੌਰ ਤੇ ਜਮ੍ਹਾਂ ਕਰਵਾ ਦਿੱਤੀ ਗਈ ਹੈ ਤਾਂ ਸਹਿਕਾਰਿਤਾ ਵਿਭਾਗ/ ਉਕਤ ਬੈਂਕ ਅਦਾਰਾ ਸਬੰਧਤ ਅਧਿਕਾਰੀ/ਕਰਮਚਾਰੀ ਦੇ ਡੀ.ਡੀ.ਓ. ਨੂੰ ਤੁਰੰਤ ਨੋ-ਡਿਊ ਸਰਟੀਫਿਕੇਟ ਜਾਰੀ ਕਰੇਗਾ ਤਾਂ ਜੋ ਭਵਿੱਖ ਵਿੱਚ ਉਸ ਤੋਂ ਵਾਧੂ ਰਿਕਵਰੀ ਦੀ ਸੰਭਾਵਨਾ ਨਾ ਹੋਵੇ।

(v) ਸਬੰਧਤ ਡੀ.ਡੀ.ਓਜ/ ਪੈਨਸ਼ਨ ਸੈਂਕਸ਼ਨਿੰਗ ਅਥਾਰਟੀਆਂ ਦੀ ਮੰਗ ਤੇ ਪੰਜਾਬ ਸਟੇਟ ਕੋਅਪਰੇਟਿਵ ਬੈਂਕ ਲਿ:, ਚੰਡੀਗੜ੍ਹ, ਰਿਟਾਇਰ ਹੋ ਰਹੇ ਸਬੰਧਤ ਕਰਮਚਾਰੀ ਦੇ ਹੱਕ ਵਿੱਚ No Dues Certificate / Dues Certificate (ਜੋ ਵੀ ਸਥਿਤੀ ਹੋਵੇ) ਤੁਰੰਤ ਜਾਰੀ ਕਰੇਗਾ।

(vi) ਸਬੰਧਤ ਡੀ.ਡੀ.ਓ. iHRMS ਰਾਹੀਂ ਕੀਤੀ ਗਈ ਰਿਕਵਰੀ ਦੇ ਮਹੀਨਾਵਾਰ ਸ਼ਡਿਊਲ ਸਬੰਧਤ ਜਿਲ੍ਹੇ ਵਿੱਖੇ ਸਹਿਕਾਰਤਾ ਵਿਭਾਗ/ ਪੰਜਾਬ ਸਟੇਟ ਕੋਅਪਰੇਟਿਵ ਬੈਂਕ ਲਿ: ਨੂੰ ਭੇਜੇਗਾ। ਇਸ ਤੋਂ ਇਲਾਵਾ, ਉਕਤ ਬੈਂਕ ਮਹੀਨਾਵਾਰ ਰਿਕਵਰੀ ਦੀ ਕਨਸੋਲੀਡੇਟਿਡ ਰਿਪੋਰਟ **Annexure B** ਸਹਿਕਾਰਿਤਾ ਵਿਭਾਗ (ਮੁੱਖ ਦਫਤਰ) ਦੀ iHRMS-admin ID ਤੋਂ ਵੀ ਹਾਸਲ ਕਰ ਸਕੇਗਾ।

(vii) ਬੈਂਕ ਵੱਲੋਂ ਆਪਣੇ ਬੈਂਕਿੰਗ ਸਾਫਟਵੇਅਰ ਵਿੱਚ ਸਮੂਹ ਸਬੰਧਤ ਕਰਮਚਾਰੀਆਂ ਦੇ iHRMS Code ਅਪਡੇਟ ਕੀਤੇ ਜਾਣ ਤਾਂ ਜੋ ਡੀ.ਡੀ.ਓ. ਵੱਲੋਂ ਕੀਤੀ ਗਈ ਰਿਕਵਰੀ ਦਾ, iHRMS Code (which is an Unique No.) ਤੋਂ ਆਈਡੈਂਟੀਫਾਈ ਹੋ ਕੇ, ਸਬੰਧਤ ਕਰਮਚਾਰੀ ਦੇ ਕਰਜਾ ਖਾਤੇ ਵਿੱਚ ਇੰਦਰਾਜ ਹੋ ਸਕੇ।

(viii) ਉਕਤ ਵਿਧੀ ਰਾਹੀਂ ਕੀਤੀ ਜਾਣ ਵਾਲੀ ਰਿਕਵਰੀ ਦੇ ਸਮੇਂ ਦੌਰਾਨ ਬਣਦੇ ਵਿਆਜ ਦੀ ਰਿਕਵਰੀ ਸਬੰਧੀ ਫੈਸਲਾ ਸਹਿਕਾਰਿਤਾ ਵਿਭਾਗ/ਬੈਂਕ ਆਪਣੇ ਪੱਧਰ ਤੇ ਲਵੇ। ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦੀ ਪ੍ਰਬੰਧਕੀ /ਕਾਨੂੰਨੀ ਅੜਚਣ ਹੋਣ ਦੀ ਸੂਰਤ ਵਿੱਚ ਸਹਿਕਾਰਤਾ ਵਿਭਾਗ, ਪੰਜਾਬ/ ਬੈਂਕ ਅਦਾਰਾ ਆਪਣੇ ਪੱਧਰ ਤੇ ਕਾਰਵਾਈ ਕਰੇਗਾ।

(2) <u>ਐਨ.ਆਈ.ਸੀ. (iHRMS & IFMS) ਵੱਲੋਂ ਕੀਤੀ ਜਾਣ ਵਾਲੀ ਕਾਰਵਾਈ:</u>

(i) ਸਹਿਕਾਰਤਾ ਵਿਭਾਗ/ ਪੰਜਾਬ ਸਟੇਟ ਕੋਅਪਰੇਟਿਵ ਬੈਂਕ ਲਿ: ਵੱਲੋਂ ਭੇਜੇ ਗਏ ਡਾਟਾ ਨੂੰ

iHRMS ਦੇ ਡਾਟਾ ਨਾਲ ਮਿਲਾਨ ਕਰਕੇ ਹੇਠ ਦਰਸਾਏ ਅਨੁਸਾਰ ਸਿਸਟਮ ਜਨਰੇਟਿਡ ਰਿਪੋਰਟ (ਜ਼ਿਲਾ-ਵਾਈਜ਼ ਅਤੇ ਡੀ.ਡੀ.ਓ.-ਵਾਈਜ਼) ਲਾਈਵ ਕਰੇਗਾ:

( a ) ਜਿਨ੍ਹਾਂ ਕਰਜਾ ਡਿਫਾਲਟਰ ਕਰਮਚਾਰੀਆਂ ਦਾ ਡਾਟਾ iHRMS ਦੇ ਡਾਟਾ ਨਾਲ ਰੀ-ਕੰਨਸਾਈਲ ਹੋ ਗਿਆ ਅਤੇ ਜੋ ਹਾਲੇ ਸੇਵਾ ਵਿੱਚ ਹਨ।

( b ) ਜਿਨ੍ਹਾਂ ਕਰਜਾ ਡਿਫਾਲਟਰ ਕਰਮਚਾਰੀਆਂ ਦਾ ਡਾਟਾ iHRMS ਦੇ ਡਾਟਾ ਨਾਲ ਰੀ-ਕੰਨਸਾਈਲ ਹੋ ਗਿਆ ਅਤੇ ਰਿਟਾਇਰਮੈਂਟ ਲਈ 01 ਸਾਲ ਜਾਂ ਇਸ ਤੋਂ ਘੱਟ ਦਾ ਸਮਾਂ ਰਹਿੰਦਾ ਹੈ।

(c) ਜਿਨ੍ਹਾਂ ਕਰਮਚਾਰੀਆਂ ਦਾ ਡਾਟਾ iHRMS ਦੇ ਡਾਟਾ ਨਾਲ ਰੀ-ਕੰਨਸਾਈਲ ਹੋ ਗਿਆ, ਪਰੰਤੂ ਉਨ੍ਹਾਂ ਦੀ ਰਿਟਾਇਰਮੈਂਟ ਹੋ ਚੁੱਕੀ ਹੈ।

( d ) ਜਿਨ੍ਹਾਂ ਕਰਜਾ ਡਿਫਾਲਟਰ ਕਰਮਚਾਰੀਆਂ ਦਾ ਡਾਟਾ iHRMS ਦੇ ਡਾਟਾ ਨਾਲ ਰੀ-ਕੰਨਸਾਈਲ ਨਹੀਂ ਹੋਇਆ।

( i i ) ਸਹਿਕਾਰਤਾ ਵਿਭਾਗ/ ਪੰਜਾਬ ਸਟੇਟ ਕੋਅਪਰੇਟਿਵ ਬੈਂਕ ਲਿ: , ਚੰਡੀਗੜ੍ਹ ਵੱਲੋਂ ਮੁਹੱਈਆ ਕਰਵਾਏ ਗਏ ਸਟੇਟ ਲੈਵਲ ਬੈਂਕ ਖਾਤੇ (ਰਿਕਵਰੀ ਲਈ) ਦੀ ਮੈਪਿੰਗ iHRMS & I.F.M.S. ਵਿੱਚ ਕਰੇਗਾ ਤਾਂ ਜੋ ਸਬੰਧਤਾਂ ਦੀ ਤਨਖਾਹ ਵਿੱਚੋਂ ਕੀਤੀ ਰਿਕਵਰੀ ECS ਰਾਹੀਂ ਉਕਤ ਖਾਤੇ ਵਿੱਚ ਜਮ੍ਹਾਂ ਹੋ ਜਾਵੇ।

(iii) ਤਨਖਾਹ ਬਿੱਲ ਨਾਲ **Annexure: B** ਅਨੁਸਾਰ ਰਿਕਵਰੀ ਸ਼ਡਿਊਲ ਜਨਰੇਟ ਹੋਵੇਗਾ। ਇਸ ਤੋਂ ਇਲਾਵਾ ਕੀਤੀ ਗਈ ਰਿਕਵਰੀ ਦੀ ਇੱਕ ਕੰਨਸੋਲੀਡੇਟਿਡ ਰਿਪੋਰਟ ਵੀ ਤਿਆਰ ਹੋਵੇ ਜੋ ਸਹਿਕਾਰਤਾ ਵਿਭਾਗ, ਡਾਇਰੈਕਟੋਰੇਟ ਖਜਾਨਾ ਤੇ ਲੇਖਾ ਪੰਜਾਬ ਦੇ ਮੁੱਖ ਦਫ਼ਤਰ ਵਿਖੇ (Departmental ID) ਰਾਹੀਂ ਜਨਰੇਟ (PDF and Excel format) ਹੋਵੇ।

(iv) ਹਰ ਇੱਕ ਕਰਮਚਾਰੀ, ਜਿਸਦੇ iHRMS ਰਿਕਾਰਡ ਵਿੱਚ ਸਹਿਕਾਰਿਤਾ ਵਿਭਾਗ/ਬੈਂਕ ਦੀ ਤਜਵੀਜ ਅਨੁਸਾਰ ਕਰਜੇ ਦੀ ਬਕਾਇਆ ਰਕਮ ਦਰਜ ਕੀਤੀ ਸੀ, ਦਾ ਲੈਜਰ **Annexure: C** ਅਨੁਸਾਰ ਆਟੋ ਜਨਰੇਟ ਕੀਤਾ ਜਾਵੇ।

(v) ਜਦੋਂ ਤੱਕ ਉਕਤ ਕਰਜੇ ਦੀ ਮੁਕੰਮਲ ਰਿਕਵਰੀ ਨਾ ਹੋ ਜਾਵੇ ਉਸ ਸਮੇਂ ਤੱਕ ਸਬੰਧਤ ਕਰਮਚਾਰੀ ਦੀ ਤਨਖਾਹ ਤੇ ਆਟੋ- ਡਿਡਕਸਨ ਸਬੰਧੀ ਚੈਕ ਲਾਗੂ ਰਹੇ।

(vi) ਜੇਕਰ ਕੋਈ ਕਰਮਚਾਰੀ ਬਣਦੀ ਰਿਕਵਰੀ ਵਿਰੁੱਧ ਯੱਕ ਮੁਸ਼ਤ ਰਾਸ਼ੀ ਜਮ੍ਹਾਂ ਕਰਵਾ ਦਿੰਦਾ ਹੈ ਤਾਂ ਉਸਦੀ ਆਟੋ-ਰਿਕਵਰੀ ਰੋਕਣ ਲਈ ਬੈਂਕ ਵੱਲੋਂ ਜਾਰੀ ਸਰਟੀਫਿਕੇਟ iHRMS ਵਿੱਚ ਅਪਲੋਡ ਕਰਨ ਦੀ ਆਪਸ਼ਨ ਡੀ.ਡੀ.ਓ. ਪੱਧਰ ਤੇ ਕ੍ਰੇਇਟ ਕੀਤੀ ਜਾਵੇ।

( v i i ) ਸਹਿਕਾਰਤਾ ਵਿਭਾਗ ਅਤੇ ਡਾਇਰੈਕਟੋਰੇਟ ਖਜਾਨਾ ਤੇ ਲੇਖਾ ਪੰਜਾਬ ਲਈ

ਡਿਪਾਰਟਮੈਂਟ ਵਾਈਜ, ਡੀ.ਡੀ.ਓ. ਵਾਈਜ ਅਤੇ ਜਿਲ੍ਹਾ ਵਾਈਜ Consolidated Outstanding Report **Annexure: D** ਅਨੁਸਾਰ ਲਾਈਵ ਕਰੇਗਾ।

(viii) ਉਕਤ ਮੰਤਵ ਲਈ ਇੱਕ ਨੋਡਲ ਅਫਸਰ ਵੀ ਨਾਮਯਦ ਕਰੇਗਾ।

(3) <u>ਕਰਮਚਾਰੀ ਦਾ ਪਿਤਰੀ ਵਿਭਾਗ/ ਪੈਨਸ਼ਨ ਸੈਂਕਸ਼ਨਿੰਗ ਅਥਾਰਟੀ/ ਡੀ.ਡੀ.ਓ. ਦੇ ਪੱਧਰ ਤੇ ਕੀਤੀ ਜਾਣ ਵਾਲੀ ਕਾਰਵਾਈ</u>:-

( i ) ਸਮਰੱਥ ਅਥਾਰਟੀ/ ਡੀ.ਡੀ.ਓ. ਪੰਜਾਬ ਵਿਤੀ ਨਿਯਮਾਵਲੀ ਭਾਗ-1 ਦੇ ਨਿਯਮ 10.13(A) ਵਿੱਚ 40% ਕੈਰੀ-ਹੋਮ ਸੈਲਰੀ ਸਬੰਧੀ ਕੀਤੇ ਗਏ ਉਪਬੰਧ ਦੇ ਸਨਮੁੱਖ ਰਿਕਵਰੀ ਦੀਆਂ ਕਿਸ਼ਤਾਂ ਨਿਰਧਾਰਤ ਕਰਕੇ iHRMS ਵਿੱਚ ਫੀਡ ਕਰੇਗਾ। ਮਾਹ ਜੁਲਾਈ, 2025 (ਪੇਅ ਮਾਹ ਅਗਸਤ, 2025) ਦੀ ਤਨਖਾਹ ਵਿੱਚੋਂ ਰਿਕਵਰੀ ਕਰਕੇ iHRMS ਵਿੱਚ ਮੈਪ ਹੋਏ ਖਾਤੇ ਵਿੱਚ ECS ਰਾਹੀਂ ਰੈਗੂਲਰ ਤੌਰ ਤੇ ਜਮ੍ਹਾਂ ਕਰਵਾਏਗਾ।

( i i ) ਕਰਮਚਾਰੀ ਦੀ ਰਿਟਾਇਰਮੈਂਟ ਨਜਦੀਕ ਹੋਣ ਦੀ ਸੂਰਤ ਵਿੱਚ ਸਹਿਕਾਰਤਾ ਵਿਭਾਗ/ਪੰਜਾਬ ਸਟੇਟ ਕੋਅਪਰੇਟਿਵ ਬੈਂਕ ਲਿ:, ਚੰਡੀਗੜ੍ਹ ਤੋਂ No Due Certificate ਦੀ ਮੰਗ ਕਰੇਗਾ। ਜੇਕਰ ਉਕਤ ਅਦਾਰੇ ਵੱਲੋਂ ਕਰਜੇ ਸਬੰਧੀ Dues ਹੋਣ ਸਬੰਧੀ ਰਿਪੋਰਟ ਭੇਜੀ ਜਾਂਦੀ ਹੈ ਤਾਂ ਸਬੰਧਤ ਡੀ.ਡੀ.ਓ. / ਪੈਨਸ਼ਨ ਸੈਂਕਸ਼ਨਿੰਗ ਅਥਾਰਟੀ ਨਿਯਮਾਂ / ਪ੍ਰੋਸੀਜਰ ਅਨੁਸਾਰ ਰਿਟਾਇਰਲ ਲਾਭਾਂ ਵਿੱਚੋਂ ਰਿਕਵਰੀ ਕਰਨੀ ਯਕੀਨੀ ਬਣਾਏਗਾ।

(iii) ਮਾਹ ਜੁਲਾਈ, 2025 (ਪੇਅ ਮਾਹ ਅਗਸਤ, 2025) ਦੀ ਤਨਖਾਹ ਸਮੇਂ ਸਬੰਧਤ ਡੀ.ਡੀ.ਓ. ਮਹੀਨਾਵਾਰ ਤਨਖਾਹ ਬਿਲਾਂ ਨਾਲ ਸਰਟੀਫਿਕੇਟ ਨੱਥੀ ਕਰੇਗਾ ਕਿ:

*"ਜਿਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਦੀ ਤਨਖਾਹ ਡਰਾਅ ਕੀਤੀ ਜਾ ਰਹੀ ਹੈ ਉਨ੍ਹਾਂ ਦਾ ਨਾਮ ਸਹਿਕਾਰਤਾ ਵਿਭਾਗ, ਪੰਜਾਬ ਦੇ ਅਦਾਰੇ ਪੰਜਾਬ ਸਟੇਟ ਕੋਅਪਰੇਟਿਵ ਬੈਂਕ ਲਿ: ਵੱਲੋਂ ਜਾਰੀ ਕੀਤੀ ਡਿਫਾਲਟਰ ਲਿਸਟ ਵਿੱਚ ਦਰਜ ਨਹੀਂ ਹੈ ਅਤੇ ਜੇਕਰ ਕਿਸੇ ਕਰਮਚਾਰੀ/ਅਧਿਕਾਰੀ ਦਾ ਨਾਮ ਡਿਫਾਲਟਰ ਲਿਸਟ ਵਿੱਚ ਦਰਜ ਹੈ ਤਾਂ ਉਸ ਦੀ ਨਿਯਮਾਂ / ਪ੍ਰੋਸੀਜਰ ਅਨੁਸਾਰ ਰਿਕਵਰੀ ਕੀਤੀ ਜਾ ਰਹੀ ਹੈ।"*

(ਜ਼ਿਨ੍ਹਾਂ ਡੀ.ਡੀ.ਓਜ਼. ਦਾ ਕੋਈ ਵੀ ਕਰਮਚਾਰੀ ਡਿਫਾਲਟਰ ਲਿਸਟ ਵਿੱਚ ਸ਼ਾਮਲ ਨਹੀਂ ਹੈ, ਵੱਲੋਂ ਨਿਲ ਦਾ ਸਰਟੀਫਿਕੇਟ ਦੇਣਾ ਲਾਜ਼ਮੀ ਹੈ)

ਡੀ.ਡੀ.ਓ. ਦਾ ਨਾਮ.........
iHRMS ਕੋਡ...............
ਡੀ.ਡੀ.ਓ. ਕੋਡ..............

(iv) ਜੇਕਰ ਕੋਈ ਕਰਮਚਾਰੀ ਯੱਕ-ਮੁਸ਼ਤ ਰਿਕਵਰੀ ਕਰਵਾਉਂਦਾ ਹੈ ਤਾਂ ਸਬੰਧਤ ਡੀ.ਡੀ.ਓ. ਪੰਜਾਬ ਸਟੇਟ ਕੋਅਪਰੇਟਿਵ ਬੈਂਕ ਲਿ: , ਚੰਡੀਗੜ੍ਹ ਵੱਲੋਂ ਉਸ ਨੂੰ ਸੂਚਿਤ ਕੀਤੇ No Due

Certificate ਨੂੰ iHRMS ਵਿੱਚ ਅਪਲੋਡ ਕਰਕੇ ਆਟੋ ਰਿਕਵਰੀ ਬੰਦ ਕਰੇਗਾ।

(v) ਸਮੂਹ ਸਬੰਧਤ ਡੀ.ਡੀ.ਓ. ਉਪਰੋਕਤ ਮੰਤਵ ਲਈ ਬਤੌਰ ਨੋਡਲ ਅਫਸਰ ਪਰਫਾਰਮ ਕਰਨਗੇ ਅਤੇ ਸਬੰਧਤ ਜਿਲ੍ਹਾ ਖਜਾਨਾ ਦਫਤਰ ਅਤੇ ਸਹਿਕਾਰਿਤਾ ਵਿਭਾਗ/ ਪੰਜਾਬ ਸਟੇਟ ਕੋਆਪ੍ਰੇਟਿਵ ਬੈਂਕ ਲਿ. ਨਾਲ ਤਾਲਮੇਲ ਕਰਕੇ ਲੋੜੀਂਦੀ ਕਾਰਵਾਈ ਤੁਰੰਤ ਕਰਨਗੇ।

(4) <u>ਡਾਇਰੈਕਟੋਰੇਟ ਖਜਾਨਾ ਤੇ ਲੇਖਾ ਪੰਜਾਬ</u>:

(i) ਮੁੱਖ ਦਫਤਰ ਦੇ ਪੱਧਰ ਤੇ ਇੱਕ ਨੋਡਲ ਅਫਸਰ ਨਾਮਜ਼ਦ ਕਰੇਗਾ।

(ii) ਸਮੂਹ ਜਿਲ੍ਹਾ ਖਜਾਨਾ ਅਫਸਰਾਂ ਵੱਲੋਂ ਹੇਠ ਦਰਸਾਏ ਅਨੁਸਾਰ ਕਾਰਵਾਈ ਕੀਤੀ ਜਾਵੇਗੀ:-

(ੳ) iHRMS ਵਿੱਚ ਕਰਜਾ ਡਿਫਾਲਟਰ ਕਰਮਚਾਰੀਆਂ/ਅਧਿਕਾਰੀਆਂ ਦੀਆਂ ਲਿਸਟਾਂ ਫਾਈਨਲ ਹੋ ਜਾਣ ਤੇ ਜਿਲ੍ਹੇ ਵਿੱਚ ਸਮੂਹ ਡੀ.ਡੀ.ਓ. ਰਾਹੀਂ ਮਾਹ ਜੁਲਾਈ, 2025 (ਪੇਡ ਮਾਹ ਅਗਸਤ, 2025) ਤੋਂ ਰਿਕਵਰੀ ਕਰਵਾਉਣ ਲਈ ਆਪਣੇ ਪੱਧਰ ਤੇ ਸਬੰਧਤਾਂ ਨਾਲ ਮੀਟਿੰਗਾ ਕਰੇਗਾ। ਇਸ ਮੰਤਵ ਲਈ ਸਹਿਕਾਰਿਤਾ ਵਿਭਾਗ/ ਪੰਜਾਬ ਸਟੇਟ ਕੋਆਪ੍ਰੇਟਿਵ ਬੈਂਕ ਲਿ. ਦੇ ਨੋਡਲ ਅਫਸਰ (ਜ਼ਿਲਾ-ਪੱਧਰੀ) ਨੂੰ ਵੀ ਮੀਟਿੰਗ ਵਿੱਚ ਸ਼ਾਮਲ ਕਰ ਸਕਦਾ ਹੈ।

(ਅ)ਇਹ ਯਕੀਨੀ ਬਣਾਏਗਾ ਕਿ ਬਣਦੀ ਰਿਕਵਰੀ ਤਨਖਾਹ ਬਿਲਾਂ ਵਿੱਚੋ ਕੀਤੀ ਜਾ ਰਹੀ ਹੈ।

(ੲ) ਜੁਲਾਈ, 2025 (ਪੇਡ ਮਾਹ ਅਗਸਤ, 2025) ਤੋਂ ਪੈਰਾ (3)(iii) ਅਨੁਸਾਰ ਸਬੰਧਤ ਡੀ.ਡੀ.ਓ. ਤੋਂ ਤਨਖਾਹ ਬਿਲਾਂ ਨਾਲ ਸਰਟੀਫਿਕੇਟ ਲੈਣਾ ਯਕੀਨੀ ਬਣਾਏਗਾ। ਇਸ ਤੋਂ ਇਲਾਵਾ ਜੇਕਰ ਕਿਸੇ ਡੀ.ਡੀ.ਓ. ਵੱਲੋਂ ਡਿਫਾਲਟਰ ਕਰਮਚਾਰੀਆਂ ਦੇ ਤਨਖਾਹ ਬਿਲਾਂ ਵਿੱਚ ਰਿਕਵਰੀ ਨਹੀਂ ਕੀਤੀ ਜਾਂਦੀ ਹੈ ਤਾਂ ਖਜ਼ਾਨਾ ਦਫਤਰ ਉਨ੍ਹਾਂ ਸਬੰਧਤ ਕਰਮਚਾਰੀਆਂ/ ਅਧਿਕਾਰੀਆਂ ਦੇ ਬਿਲ ਟੋਕਨ ਨਹੀਂ ਕਰੇਗਾ।

2. ਇਨ੍ਹਾਂ ਹਦਾਇਤਾ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਅਧੀਨ ਸਕੱਤਰ, ਵਿੱਤ

23.06.2025

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ/ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਖਜ਼ਾਨਾ ਤੇ ਲੇਖਾ, ਪੰਜਾਬ, ਚੰਡੀਗੜ੍ਹ।
2. ਰਾਜ ਦੇ ਸਮੂਹ ਜਿਲ੍ਹਾ ਖਜ਼ਾਨਾ ਅਫ਼ਸਰ, ਪੰਜਾਬ, ਚੰਡੀਗੜ੍ਹ।

3. ਵਿੱਤ ਵਿਭਾਗ ਦੇ ਅਧੀਨ ਆਉਂਦੇ ਸਮੂਹ ਡਾਇਰੈਕਟੋਰੇਟਸ।

4. ਇੰਨਚਾਰਜ਼, ਐਨ.ਆਈ.ਸੀ, (ਆਈ.ਐੱਫ.ਐਮ.ਐਸ,) ਵਿੱਤ ਤੇ ਯੋਜਨਾ ਭਵਨ, ਪੰਜਾਬ, ਚੰਡੀਗੜ੍ਹ।

5. ਪ੍ਰੋਜੈਕਟ ਇੰਨਚਾਰਜ਼, ਪੀ.ਐਫ.ਐਮ.ਐਸ., ਸਟੇਟ ਡਾਇਰੈਕਟੋਰੇਟ ਪੰਜਾਬ, ਵਿੱਤ ਤੇ ਯੋਜਨਾ ਭਵਨ, ਸੈਕਟਰ-33, ਚੰਡੀਗੜ੍ਹ।

ਅਧੀਨ ਸਕੱਤਰ, ਵਿੱਤ
23.06.2025

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ/ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।

2. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

ਅਧੀਨ ਸਕੱਤਰ, ਵਿੱਤ
23.06.2025

ਕਾਪੀ:-

1. ਸਕੱਤਰ/ਵਿੱਤ ਮੰਤਰੀ, ਪੰਜਾਬ ਸਰਕਾਰ,

2. ਨਿੱਜੀ ਸਕੱਤਰ/ਮੁੱਖ ਸਕੱਤਰ, ਪੰਜਾਬ ਸਰਕਾਰ,

3. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ, ਵਿੱਤ ਵਿਭਾਗ,

4. ਨਿੱਜੀ ਸਕੱਤਰ/ਸਕੱਤਰ ਖਰਚਾ, ਵਿੱਤ ਵਿਭਾਗ,

5. ਸਮੂਹ ਉਪ ਸਕੱਤਰ ਅਤੇ ਅਧੀਨ ਸਕੱਤਰ, ਵਿੱਤ ਵਿਭਾਗ।

ਪਿਠ-ਅੰਕਣ ਨੰ. ਟੀ.ਏ./ਡੀ.ਡੀ.ਆਈ./ਡੀ-2/2025/5602 ਮਿਤੀ ਚੰਡੀਗੜ੍ਹ, 24-06-2025

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਵਧੀਕ ਮੁੱਖ ਸਕੱਤਰ, ਗ੍ਰਹਿ ਮਾਮਲੇ ਅਤੇ ਸਹਿਕਾਰਿਤਾ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਉਨ੍ਹਾਂ ਦੇ ਅਰਧ-ਸਰਕਾਰੀ ਪਤੱਰ ਮਿਤੀ 05.05.2025 ਦੇ ਹਵਾਲੇ ਵਿੱਚ।

2. ਮੈਨੇਜਿੰਗ ਡਾਇਰੈਕਟਰ, ਪੰਜਾਬ ਸਟੇਟ ਕੋਆਪ੍ਰੇਟਿਵ ਬੈਂਕ ਲਿ., ਚੰਡੀਗੜ੍ਹ।

3. ਸਟੇਟ ਇਨਫਰਮੇਸ਼ਨ ਅਫਸਰ, NIC- iHRMS.

ਡਿਪਟੀ ਡਾਇਰੈਕਟਰ (ਪੜਤਾਲ)